ਹੋਰ ਜਾਣਕਾਰੀ ਲਈ
ਕਿਰਪਾ ਕਰਕੇ ਹੇਠਾਂ ਦਿੱਤੇ ਨੂੰ ਭਰੋ
ਅਤੇ ਇੱਥੇ ਵਾਪਸ ਕਰੋ:


**ਐਬਟਸਫੋਰਡ ਪੀਅਰ ਸਪੋਰਟ**
**ਬਜ਼ੁਰਗਾਂ ਲਈ**
**2499 ਮੈਕਮਿਲਨ ਰੋਡ**
**ਐਬਟਸਫੋਰਡ, ਬੀ.ਸੀ.**
**V3G 1C4**


ਨਾਮ: ______________________

ਪਤਾ: ______________________

______________________

ਪੋਸਟਲ ਕੋਡ: ______________________

ਫ਼ੋਨ: ______________________

☐ ਮੈਂ ਇੱਕ ਸੀਨੀਅਰ ਪੀਅਰ ਸਪੋਰਟ ਵਲੰਟੀਅਰ ਵਜੋਂ ਸਿਖਲਾਈ ਵਿੱਚ ਦਿਲਚਸਪੀ ਰੱਖਦਾ ਹਾਂ।

☐ ਮੈਂ ਇੱਕ ਗੁੱਡ ਮੌਰਨਿੰਗ ਕਾਲ ਵਲੰਟੀਅਰ ਵਜੋਂ ਸਿਖਲਾਈ ਵਿੱਚ ਦਿਲਚਸਪੀ ਰੱਖਦਾ ਹਾਂ

☐ ਮੈਂ ਇਹਨਾਂ ਪ੍ਰੋਗਰਾਮਾਂ ਵਿੱਚੋਂ ਕਿਸੇ ਇੱਕ ਬਾਰੇ ਕਿਸੇ ਨਾਲ ਗੱਲ ਕਰਨਾ ਚਾਹਾਂਗਾ।

☐ ਮੈਂ ਦਾਨ ਕਰਨਾ ਚਾਹਾਂਗਾ

ਰਕਮ: $ ______________________

ਇਨਕਮ ਟੈਕਸ ਰਸੀਦ ਉਪਲਬਧ ਹੈ

**ਬਜ਼ੁਰਗਾਂ ਲਈ ਐਬਟਸਫੋਰਡ ਪੀਅਰ ਸਪੋਰਟ** ਇੱਕ ਗੈਰ-ਮੁਨਾਫ਼ਾ ਸਹਾਇਤਾ ਸੇਵਾ ਹੈ ਜੋ ਬਜ਼ੁਰਗਾਂ ਦੀ ਮੱਦਦ ਕਰਨ ਲਈ ਤਿਆਰ ਹੈ। ਅਸੀਂ 1992 ਤੋਂ ਕੰਮ ਕਰ ਰਹੇ ਹਾਂ!

ਸਾਡਾ ਉਦੇਸ਼ ਸੇਵਾ, ਸੰਚਾਰ ਅਤੇ/ਜਾਂ ਸਾਡੇ ਪੀਅਰ ਸਪੋਰਟ ਪ੍ਰੋਗਰਾਮ ਜਾਂ ਸਾਡੇ ਗੁੱਡ ਮੌਰਨਿੰਗ ਪ੍ਰੋਗਰਾਮ ਜਾਂ ਲੋੜ ਅਨੁਸਾਰ ਹੋਰ ਸੰਬੰਧਿਤ ਏਜੰਸੀਆਂ ਲਈ ਰੈਫ਼ਰਲ ਰਾਹੀਂ ਬਜ਼ੁਰਗਾਂ ਦੀ ਤੰਦਰੁਸਤੀ ਵਿੱਚ ਵਾਧਾ ਕਰਨਾ ਹੈ।

ਸਾਡਾ ਮੰਨਣਾ ਹੈ ਕਿ ਹਰੇਕ ਬਜ਼ੁਰਗ ਨੂੰ, ਭਾਵੇਂ ਕਿਸੇ ਵੀ ਨਸਲ ਜਾਂ ਧਰਮ ਦਾ ਹੋਵੇ, ਇੱਕ ਪੂਰਨ, ਸੁਤੰਤਰ, ਸਨਮਾਨਜਨਕ ਜੀਵਨ ਜਿਊਣ ਦਾ ਅਧਿਕਾਰ ਹੈ।


ਵਿੱਤੀ ਸਹਾਇਤਾ ਪ੍ਰੋਵਿੰਸ ਓਫ ਬੀ.ਸੀ. ਅਤੇ
ਦ ਨਿਊ ਹੋਰਾਈਜ਼ਨਜ਼ ਗ੍ਰਾਂਟ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ


ਸਾਰੇ ਵਲੰਟੀਅਰਾਂ ਲਈ ਅਪਰਾਧਿਕ ਰਿਕਾਰਡ ਦੀ ਪੂਰੀ ਛਾਣਬੀਣ ਕੀਤੀ ਗਈ ਹੈ!

ਬਜ਼ੁਰਗ ਸੰਬੰਧੀ ਜਾਣਕਾਰੀ ਪੂਰੀ ਤਰ੍ਹਾਂ ਗੁਪਤ ਰੱਖੀ ਜਾਂਦੀ ਹੈ!

## ਦਫਤਰ ਦਾ ਸਮਾਂ

**ਮੰਗਲਵਾਰ ਤੋਂ ਵੀਰਵਾਰ**

**ਸਵੇਰੇ 9:00 ਵਜੇ ਤੋਂ ਦੁਪਹਿਰ 1:00 ਵਜੇ ਤੱਕ**

**ਦਫ਼ਤਰ ਦਾ ਫ਼ੋਨ: 604-850-0011**

# Abbotsford Peer Support For Seniors

## ਗੁਡ ਮੌਰਨਿੰਗ ਪ੍ਰੋਗਰਾਮ


ਵਿੱਤੀ ਸਹਾਇਤਾ
**ਦ ਬੀ ਸੀ ਗੇਮਿੰਗ ਗ੍ਰਾਂਟ ਦੁਆਰਾ**


**Seniors Helping Seniors**


**2499 MCMILLAN ROAD**
**ABBOTSFORD, BC**
**V3G 1C4**

**PHONE:** 604-850-0011
**FAX:** 604-850-1230
**E-MAIL:** apss.seniors@telus.net

**WEBSITE:**
www.abbotsfordpeersupportforseniors.ca

## ਗੁਡ ਮੌਰਨਿੰਗ ਪ੍ਰੋਗਰਾਮ

ਗੁੱਡ ਮੌਰਨਿੰਗ ਪ੍ਰੋਗਰਾਮ ਐਬਟਸਫੋਰਡ ਵਿੱਚ 50 ਸਾਲ ਤੋਂ ਵੱਧ ਦੀ ਉਮਰ ਦੇ ਬਜ਼ੁਰਗਾਂ ਲਈ ਇੱਕ ਮੁਫ਼ਤ ਸੇਵਾ ਹੈ।

ਸਾਡੀਆਂ ਗੁੱਡ ਮੌਰਨਿੰਗ ਕਾਲਾਂ ਰਾਹੀਂ ਦਿਲਚਸਪੀ ਰੱਖਣ ਵਾਲੇ ਬਜ਼ੁਰਗਾਂ ਦੀ ਸਰੀਰਕ/ਮਾਨਸਿਕ ਤੰਦਰੁਸਤੀ ਬਾਰੇ ਫ਼ੋਨ ਰਾਹੀਂ ਪੁੱਛ-ਪੜਤਾਲ ਕੀਤੀ ਜਾਂਦੀ ਹੈ ਜਿਸ ਨਾਲ ਉਨ੍ਹਾਂ ਨੂੰ ਆਤਮਨਿਰਭਰ ਰਹਿਣ ਵਿੱਚ ਮੱਦਦ ਮਿਲਦੀ ਹੈ।

ਇਹ ਸੇਵਾ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਵਜੇ ਤੋਂ 10:30 ਵਜੇ ਤੱਕ ਆਪਸੀ ਸਹਿਮਤੀ ਵਾਲੇ ਸਮੇਂ 'ਤੇ ਉਪਲਬਧ ਹੈ।
ਵਲੰਟੀਅਰ ਘਰ ਤੋਂ ਹੀ ਫ਼ੋਨ ਕਾਲ ਕਰਦੇ ਹਨ ਅਤੇ ਇਹ ਪੰਜ ਮਿੰਟ ਤੋਂ ਵੱਧ ਸਮੇਂ ਦੀਆਂ ਨਹੀਂ ਹੁੰਦੀਆਂ।
ਜੇਕਰ ਕਾਲਰ ਬਜ਼ੁਰਗ ਤੱਕ ਪਹੁੰਚਣ ਵਿੱਚ ਅਸਮਰੱਥ ਹੈ, ਤਾਂ ਇੱਕ ਐਮਰਜੈਂਸੀ ਪ੍ਰੋਟੋਕੋਲ ਦੀ ਪਾਲਣਾ ਕੀਤੀ ਜਾਂਦੀ ਹੈ।
ਬਜ਼ੁਰਗ ਨੂੰ ਇੱਕ ਐਮਰਜੈਂਸੀ ਸੰਪਰਕ ਦੇਣਾ ਪੈਂਦਾ ਹੈ।




ਪ੍ਰੋਗਰਾਮ ਲਈ ਸਾਡਾ ਟੀਚਾ ਸਹਾਇਤਾ, ਜਾਣਕਾਰੀ ਜਾਂ ਰੈਫਰਲ ਪ੍ਰਦਾਨ ਕਰਕੇ ਆਤਮਨਿਰਭਰ ਜੀਵਨ ਨੂੰ ਹੁੰਗਾਰਾ ਅਤੇ ਸਮਰਥਨ ਦੇਣਾ ਹੈ।
ਕਾਲਾਂ ਬਜ਼ੁਰਗਾਂ ਦਾ ਬਾਹਰੀ ਦੁਨੀਆ ਨਾਲ ਰੋਜ਼ਾਨਾ ਸੰਪਰਕ ਕਰਵਾਉਂਦੀਆਂ ਹਨ, ਉਹਨਾਂ ਨੂੰ ਮਨ ਦੀ ਸ਼ਾਂਤੀ ਅਤੇ ਲਗਾਤਾਰ ਸਮਾਜਿਕ ਸੰਪਰਕ ਪ੍ਰਦਾਨ ਕਰਦੀਆਂ ਹਨ ਜਿਸ ਨਾਲ ਉਹ ਆਪਣੀ ਮੌਜੂਦਾ ਜੀਵਨ ਸ਼ੈਲੀ ਨੂੰ ਮਾਣ ਨਾਲ ਕਾਇਮ ਰੱਖ ਸਕਦੇ ਹਨ।

---



### *ਸੁਭ ਸਵੇਰ !!*

ਇਹ ਸੇਵਾ ਉਹਨਾਂ ਬਜ਼ੁਰਗਾਂ ਲਈ ਆਦਰਸ਼ ਹੈ ਜਿਹਨਾਂ ਕੋਲ ਕੋਈ ਲੋਕਲ ਪਰਿਵਾਰ ਜਾਂ ਸਹਾਇਤਾ ਅਸਥਾਈ ਤੌਰ 'ਤੇ ਵੀ ਹਾਲਚਾਲ ਪੁੱਛਣ ਲਈ ਨਹੀਂ ਹੈ। ਇਹ ਹਸਪਤਾਲ ਵਿੱਚ ਭਰਤੀ ਤੋਂ ਬਾਅਦ ਠੀਕ ਹੋ ਰਹੇ ਬਜ਼ੁਰਗਾਂ, ਸਮਾਜਿਕ ਤੌਰ 'ਤੇ ਅਲੱਗ-ਥਲੱਗ ਜਾਂ ਇੱਕੱਲੇ ਰਹਿਣ ਵਾਲੇ ਬਜ਼ੁਰਗਾਂ ਜਾਂ ਪਰਿਵਾਰ ਦੇ ਮੈਂਬਰ ਜਾਂ ਦੇਖਭਾਲ ਕਰਨ ਵਾਲੇ ਦੂਰ ਹੋਣ 'ਤੇ ਅਸਥਾਈ ਤੌਰ 'ਤੇ ਇਕੱਲੇ ਬਜ਼ੁਰਗਾਂ ਲਈ ਵੀ ਵਧੀਆ ਹੈ।
ਕਾਲਾਂ ਨੂੰ ਦਵਾਈ ਲੈਣੀ ਯਾਦ ਕਰਵਾਉਣ ਲਈ ਵੀ ਵਰਤਿਆ ਜਾ ਸਕਦਾ ਹੈ।

ਬਜ਼ੁਰਗ 50 ਸਾਲ ਤੋਂ ਵੱਧ ਉਮਰ ਦੇ ਹਨ ਅਤੇ ਉਹਨਾਂ ਨੂੰ ਹੋਮ ਹੈਲਥ ਕੇਅਰ, ਮੈਂਟਲ ਹੈਲਥ, ਡਾਕਟਰ, ਪਰਿਵਾਰ, ਦੋਸਤ ਜਾਂ ਉਹ ਆਪ ਰੈਫਰ ਕਰਦੇ ਹਨ।

**ਕੀ ਤੁਸੀਂ ਆਪਣੇ ਜੀਵਨ ਦੇ ਹੁਨਰ ਅਤੇ ਤਜਰਬਿਆਂ ਨੂੰ ਦੂਜੇ ਬਜ਼ੁਰਗਾਂ ਦੀ ਮੱਦਦ ਲਈ ਵਰਤਣਾ ਚਾਹੁੰਦੇ ਹੋ?**
ਇੱਕ ਗੁਡ ਮੌਰਨਿੰਗ ਕਾਲਰ ਵਜੋਂ ਵਲੰਟੀਅਰ ਕਰੋ।
ਹਫ਼ਤੇ ਵਿੱਚ ਇੱਕ ਘੰਟਾ ਤੁਹਾਡੇ ਵਲੰਟੀਅਰ ਕਰਨ ਨਾਲ ਐਬਟਸਫੋਰਡ ਵਿੱਚ ਕਿਸੇ ਹੋਰ ਬਜ਼ੁਰਗ ਨੂੰ ਲਾਭ ਹੋਵੇਗਾ।

ਸਾਡੇ ਗੁੱਡ ਮੌਰਨਿੰਗ ਕਾਲਰਾਂ ਨੂੰ ਇੱਕ ਬੁਨਿਆਦੀ ਟ੍ਰੇਨਿੰਗ ਕੋਰਸ ਕਰਨ ਲਈ ਕਿਹਾ ਜਾਂਦਾ ਹੈ।
ਸਾਡੇ ਮਾਸਿਕ ਨੈੱਟਵਰਕਿੰਗ ਬ੍ਰੇਕਫਾਸਟ 'ਤੇ ਸਾਰੇ ਵਲੰਟੀਅਰਾਂ ਲਈ ਜਾਣਕਾਰੀ ਅਤੇ ਸੁਝਾਅ ਸਾਲ ਭਰ ਜਾਰੀ ਰਹਿੰਦੇ ਹਨ।

